# ਬਹੁਤ ਅੰਧੇਰਾ ਹੈ, ਚਿਰਾ.ਗ ਬਨ ਕੇ ਜਲੋ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਇਹ ਇਕ ਅਵਾਮੀ ਗੀਤ ਦੇ ਬੋਲ ਹਨ, ਜੋ ਮੱਧ ਪ੍ਰਦੇਸ਼ ਦੇ ਇਕ ਕਵੀ ਰਾਧੇ ਲਾਲ ਰਵਾਲੀ ਦਾ ਲਿਖਿਆ ਹੋਇਆ ਹੈ ਅਤੇ ਉਨ੍ਹਾਂ ਲੋਕਾਂ ਨੂੰ ਸੰਬੋਧਨ ਹੈ, ਜੋ ਇਸ ਜ਼ਿੰਦਗੀ ਨੂੰ ਚੰਗਾ ਬਣਿਆ ਦੇਖਣਾ ਚਾਹੁੰਦੇ ਹਨ। ਜੋ ਸਪੱਸ਼ਟ ਤੌਰ 'ਤੇ ਇਹ ਚਾਹੁੰਦੇ ਹਨ ਕਿ ਇ਼ਕ ਨਿਆਂਸ਼ੀਲ ਸਮਾਜ ਬਣੇ, ਇਕ ਬਰਾਬਰੀ ਦਾ ਸਮਾਜ ਬਣੇ, ਐਸਾ ਸਮਾਜ ਜਿੱਥੇ ਹਰ ਵਿਅਕਤੀ ਅਣਖ ਨਾਲ ਜੀ ਸਕੇ। ਅਸੀਂ ਖੱਬੀ ਧਿਰ ਵਾਲੇ ਬੁਨਿਆਦੀ ਤੌਰ 'ਤੇ ਇਸ ਸੋਚ ਦੇ ਧਾਰਨੀ ਹਾਂ। ਬਹੁਤ ਹਨੇਰਾ ਹੈ, ਅਸੀਂ ਚਿਰਾਗ਼ ਬਣ ਕੇ ਬਲਣਾ ਹੈ।

ਹਨੇਰਾ ਦੂਰ ਕਰਨ ਦੇ ਸੰਘਰਸ਼ ਦਾ ਪਹਿਲਾ ਪੜਾਅ ਲੋਕਾਂ ਨੂੰ ਚੇਤਨ ਕਰਨਾ ਹੈ ਕਿ ਇਹ ਸਮਾਜ ਜਿਸ ਵਿਚ ਅਸੀਂ ਜੀ ਰਹੇ ਹਾਂ, ਇਹ ਪੈਸਾ ਪ੍ਰਧਾਨ ਸਮਾਜ ਹੈ। ਇਸ ਵੇਲੇ ਦੇਸ਼ ਦੇ ਗ਼ਰੀਬਾਂ ਦੀ ਜੋ ਮੰਦੜੀ ਹਾਲਤ ਹੈ, ਉਹ ਹੋਰ ਵੀ ਮੰਦੜੀ ਹੋਣ ਜਾ ਰਹੀ ਹੈ ਕਿਉਂਕਿ ਜੋ ਆਰਥਿਕ ਨੀਤੀਆਂ ਹਾਕਮਾਂ ਨੇ ਅਪਣਾਈਆਂ ਹਨ ਉਹ ਪੂਰੀ ਤਰ੍ਹਾਂ ਗ਼ਰੀਬ ਦੁਸ਼ਮਣ ਹਨ। ਭਾਵੇਂ ਜਾਹਿਰਾ ਤੌਰ 'ਤੇ ਇਹ ਲੱਗੇਗਾ ਕਿ ਦੇਸ਼ ਤਰੱਕੀ ਕਰ ਰਿਹਾ ਹੈ, ਪਰ ਆਮ ਬੰਦੇ ਦੀ ਜ਼ਿੰਦਗੀ ਦਾ ਸੰਕਟ ਹੋਰ ਡੂੰਘਾ ਹੋਵੇਗਾ। ਕੰਪਿਊਟਰ ਥਾਂ-ਥਾਂ 'ਤੇ ਲੱਗ ਜਾਣਗੇ, ਟੀ. ਵੀ. ਦੇ ਵਿਸ਼ਵ ਚੈਨਲ ਹੋਂਦ ਵਿਚ ਆ ਜਾਣਗੇ। ਭਾਰਤ ਦੀਆਂ ਸੁੰਦਰੀਆਂ ਵਿਸ਼ਵ ਸੁੰਦਰੀਆਂ ਬਣ ਜਾਣਗੀਆਂ ਤੇ ਵਾਜਪਾਈ ਏਸ਼ੀਆ ਦੀ ਸੁਪਨ (ਡਰੀਮ) ਕੈਬੀਨਿਟ ਦਾ ਪ੍ਰਧਾਨ ਮੰਤਰੀ ਹੋਵੇਗਾ। ਅਮਰੀਕਾ ਜੋ ਪਹਿਲੇ ਪਾਕਿਸਤਾਨ ਦਾ ਬਹੁਤ ਦੋਸਤ ਸੀ, ਹੁਣ ਹਿੰਦੋਸਤਾਨ ਦੀ ਦੋਸਤੀ 'ਤੇ ਫ਼ਖਰ ਕਰੇਗਾ। ਕਲਿੰਟਨ ਭਾਰਤ ਦੋਸਤੀ ਦਾ ਹੱਥ ਮਿਲਾਉਣ ਆਇਆ ਸੀ। ਪਾਕਿਸਤਾਨ ਤਾਂ ਉਹ ਉਥੋਂ ਦੇ ਡਿਕਟੇਟਰ ਨੂੰ ਝਾੜ ਪਾਉਣ ਹੀ ਗਿਆ ਸੀ। ਸੰਸਾਰ ਮਾਰਕੀਟ ਦਾ ਭਾਰਤ ਇਕ ਖਾਸ ਹਿੱਸੇਦਾਰ ਬਣੇਗਾ। ਇਥੋਂ ਦੇ ਵੱਡੇ ਸਰਮਾਏਦਾਰਾਂ ਦੀ ਚਾਂਦੀ ਹੈ। ਉਹ ਬਹੁਦੇਸ਼ੀ ਕੰਪਨੀਆਂ ਦੇ ਭਾਈਵਾਲ ਹੋਣਗੇ। ਇਸ ਸਾਰੇ ਪ੍ਰਚਾਰ ਅਮਲ ਵਿਚ ਲੋਕਾਂ ਨੂੰ ਪਤਾ ਨਹੀਂ ਲੱਗਣ ਦਿੱਤਾ ਜਾਏਗਾ ਕਿ

*ਕਿਸਾਨ ਦੀ ਜਿਣਸ ਦਾ ਭਾਅ ਸੰਸਾਰ ਮੰਡੀ ਦੇ ਮੁਕਾਬਲੇ ਵਿਚ ਬੁਰੀ ਤਰ੍ਹਾਂ ਡਿੱਗ ਜਾਏਗਾ।

* ਦੁੱਧ ਦਾ ਭਾਅ ਡਿੱਗ ਜਾਏਗਾ। ਬੇਜ਼ਮੀਨਾ ਖੇਤ ਮਜ਼ਦੂਰ ਜਾਂ ਛੋਟਾ ਕਿਸਾਨ ਜਿਹੜਾ ਦੁੱਧ ਵੇਚਕੇ ਥੋੜ੍ਹੀ ਆਮਦਨ ਕਰਦਾ ਹੈ, ਉਹ ਨੂੰ 60 ਰੁਪਏ ਪ੍ਰਤੀ ਦਿਨ ਤੋਂ ਲੈ ਕੇ 200 ਰੁਪਏ ਤੱਕ ਘਾਟਾ ਪੈ ਜਾਏਗਾ।

* ਪਿੰਡਾਂ ਦੇ ਨਾਲ ਲਗਦਿਆਂ ਕਸਬਿਆਂ ਅਤੇ ਸ਼ਹਿਰਾਂ ਵਿਚ ਛੋਟੀ ਸਨਅਤਕਾਰੀ ਬੰਦ ਹੋ ਜਾਵੇਗੀ। ਪੇਂਡੂ ਅਤੇ ਸ਼ਹਿਰੀ ਮਜ਼ਦੂਰਾਂ ਵਿਚ ਬੇਕਾਰੀ ਵਧ ਜਾਏਗੀ।

* ਵਿਦਿਆ ਅਤੇ ਡਾਕਟਰੀ ਸਹੂਲਤਾਂ ਏਨੀਆਂ ਮਹਿੰਗੀਆਂ ਹੋ ਜਾਣਗੀਆਂ ਕਿ ਇਹ ਵੱਡੇ ਬੰਦਿਆਂ ਤੱਕ ਹੀ ਮਹਿਦੂਦ ਹੋ ਕੇ ਰਹਿ ਜਾਣਗੀਆਂ।

ਇਸ ਸਾਰੀ ਆਰਥਕਤਾ ਦਾ ਇਕੋ ਤੇ ਸਿਰਫ਼ ਇਕੋ ਹੀ ਨਤੀਜਾ ਨਿਕਲੇਗਾ ਕਿ ਅਮੀਰ ਹੋਰ (ਸਗੋਂ ਬਹੁਤ ਹੀ) ਅਮੀਰ ਹੋ ਜਾਣਗੇ ਤੇ ਗ਼ਰੀਬ ਗੁਜ਼ਾਰੇ ਲਈ ਵੀ ਨਹੀਂ ਕਮਾ ਸਕਣਗੇ। ਇਸ ਸਥਿਤੀ ਵਿਚ ਹਾਕਮ ਲੋਕਾਂ ਦੀ ਇਹ ਕੋਸ਼ਿਸ਼ ਹੋਵੇਗੀ ਕਿ ਉਹ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਗ਼ਰੀਬਾਂ ਨੂੰ ਅਸਲੀਅਤ ਨਾ ਵੇਖਣ ਦੇਣ। ਗ਼ਰੀਬ ਬੰਦਾ ਆਪਣੀ ਗ਼ਰੀਬੀ ਨੂੰ ਰੱਬ ਦੀ ਦੇਣ ਸਮਝਕੇ ਸਵੀਕਾਰ ਕਰੇ। ਬਾਬਿਆਂ ਦੇ ਡੇਰੇ 'ਤੇ ਡੇਰੇ ਇਸ ਮਕਸਦ ਲਈ ਉਸਾਰੇ ਜਾ ਰਹੇ ਹਨ। ਇਕ ਹੋਰ ਪੱਧਰ 'ਤੇ ਅਖ਼ਬਾਰਾਂ ਵਿਚ ਸੋਹਣੀਆਂ ਕੁੜੀਆਂ ਦੀਆਂ ਅੱਧਨੰਗੀਆਂ ਤਸਵੀਰਾਂ ਛਾਪੀਆਂ ਜਾ ਰਹੀਆਂ ਹਨ। ਬੰਦਾ ਉਲਝਕੇ ਰਹਿ ਜਾਵੇ। ਕ੍ਰਿਕਟ ਦੀ ਚਰਚਾ ਹੋਏ। ਗਵਾਂਢੀ ਦੇਸ਼ ਵਾਸਤੇ ਨ਼ਫ਼ਰਤ ਦਾ ਪ੍ਰਚਾਰ ਕੀਤਾ ਜਾਵੇ। ਦੂਜੇ ਸ਼ਬਦਾਂ ਵਿਚ ਉਹ ਅਸਲੀਅਤ ਬਾਰੇ ਹਨ੍ਹੇਰੇ ਵਿਚ ਹੀ ਰਹੇ।

ਇਸ ਹਨੇਰੇ ਨੂੰ ਦੂਰ ਕਰਨਾ, ਜ਼ਿੰਦਗੀ ਨੂੰ ਪਿਆਰ ਕਰਨ ਵਾਲਿਆਂ ਦਾ ਵੱਡਾ ਫ਼ਰਜ਼ ਹੈ। ਇਸ ਕਰਕੇ ਉਨ੍ਹਾਂ ਨੂੰ ਚਿਰਾਗ ਬਣ ਕੇ ਬਲਣਾ ਪਵੇਗਾ। ਇਹ ਮੰਨਣਾ ਪਵੇਗਾ ਕਿ ਸਾਨੂੰ ਲੋੜੀਂਦੀ ਕਾਮਯਾਬੀ ਨਹੀਂ ਮਿਲ ਰਹੀ। ਸਾਡੀ ਗੱਲ ਹਾਲੀ ਲੋਕਾਂ ਨੂੰ ਸਮਝ ਨਹੀਂ ਆ ਰਹੀ। ਉਹ ਹਾਕਮ ਪਾਰਟੀ ਨੂੰ ਬਾਕਾਇਦਾ ਜਿਤਾਂਦੇ ਹਨ। ਉਨ੍ਹਾਂ ਨੂੰ ਵੋਟ ਪਾਉਂਦੇ ਹਨ। ਉਹੀ ਹਾਕਮ ਜੋ ਲੋਕਾਂ ਦੀ ਛਿੱਲ ਲਾਹੁੰਦੇ ਹਨ, ਲੋਕ ਉਨ੍ਹਾਂ ਦੇ ਹੱਕ ਵਿਚ ਭੁਗਤਦੇ ਹਨ। ਇਹ ਕਹਿਣਾ ਠੀਕ ਹੈ ਕਿ ਹਾਕਮ ਨਾਜਾਇਜ਼ ਤਰੀਕੇ ਵਰਤਦੇ ਹਨ। ਪਰ ਸਾਡੇ ਲਈ ਵੀ ਯਥਾਰਥ ਦਾ ਸਾਹਮਣਾ ਕਰਨਾ ਜ਼ਰੂਰੀ ਹੈ। ਅਸੀਂ ਲੋਕਾਂ ਦਾ ਵਿਸ਼ਵਾਸ ਕਿਉਂ ਨਹੀਂ ਜਿੱਤ ਪਾ ਰਹੇ? ਇਸ ਸਾਵਲ ਦੇ ਸਨਮੁੱਖ ਹੋਣਾ ਸਮੇਂ ਦੀ ਲੋੜ ਹੈ।

ਸਾਡੇ ਲਈ ਸਪੱਸ਼ਟ ਸ਼ਬਦਾਂ ਵਿਚ ਇਹ ਕਹਿਣਾ ਵੀ ਬਣਦਾ ਹੈ "ਸਾਡਾ ਰਾਜ ਹੋਵੇ ਤਾਂ ਅਸੀਂ ਕੀ ਕਰਾਂਗੇ?" ਵਿਦਿਆ ਦਾ ਸਿਸਟਮ ਕੀ ਹੋਵੇਗਾ? ਕਿਸਾਨਾਂ ਦਾ ਕਰਜ਼ਾ ਕਿਸ ਤਰ੍ਹਾਂ ਮੁਆਫ਼ ਹੋਵੇਗਾ? ਕਸ਼ਮੀਰ ਦਾ ਮਸਲਾ ਅਸੀਂ ਕਿਸ ਤਰ੍ਹਾਂ ਹੱਲ ਕਰਾਂਗੇ? ਸਾਨੂੰ ਆਪਣਾ ਮੁਹਾਵਰਾ ਵੀ ਬਦਲਣਾ ਪਵੇਗਾ ਤਾਂ ਜੋ ਲੋਕ ਸਾਡੀ ਗੱਲ ਸਮਝ ਸਕਣ। ਸੋਚੀਏ, ਹੋਰ ਸੋਚੀਏ, ਸਿਰ ਜੋੜ ਕੇ ਸੋਚੀਏ। ਤੇ ਅਸਫ਼ਲਤਾਵਾਂ ਦਾ ਇਮਾਨਦਾਰੀ ਨਾਲ ਮੁਲੰਕਣ ਕਰੀਏ। ਤਾਂ ਹੀ ਸੱਚੇ ਸ਼ਬਦਾਂ ਵਿਚ ਚਿਰਾਗ ਬਣ ਕੇ ਬਲ ਸਕਦੇ ਹਾਂ ਤੇ ਹਨੇਰਾ ਦੂਰ ਕਰ ਸਕਦੇ ਹਾਂ।

ਯੇਹ ਜ਼ਲੀਲ ਜ਼ਿੰਦਗੀ<br>
ਯੇਹ ਗ਼ਲੀਜ਼ ਜ਼ਿੰਦਗੀ<br>
ਭੂਖ ਪਿਆਸ ਕੇ ਲੀਏ<br>
ਗ਼ੁਲਾਮ ਬਨੀ ਜ਼ਿੰਦਗੀ<br>
ਅਰਥ ਕੇ ਅਭਾਵ ਮੇਂ<br>
ਨਰਕ ਬਣੀ ਜ਼ਿੰਦਗੀ<br>
ਜ਼ਿੰਦਗੀ ਕੀ ਬੇਹਤਰੀ ਵਾਸਤੇ<br>
ਚਿਰਾਗ ਬਨ ਕੇ ਜਲੋ...ਬਹੁਤ ਅੰਧੇਰਾ ਹੈ